











ਸਬ ਸੈਂਟਰ ਠੱਠਗੜ੍ਹ ਦੀ ਖ਼ਸਤਾ ਹਾਲਤ ਇਮਾਰਤ ਅਤੇ ਖੜ੍ਹੇ ਪਾਣੀ ਦਾ ਦ੍ਰਿਸ਼। ਤਸਵੀਰਾਂ-ਸੁਖਦੇਵ ਸਿੰਘ

# ਲੋਕਾਂ ਨੂੰ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਵਾਲਾ ਸਬ ਸੈਂਟਰ ਠੱਠਗੜ੍ਹ ਖ਼ੁਦ ਬਿਮਾਰ

ਝਬਾਲ, 3 ਜਨਵਰੀ (ਸੁਖਦੇਵ ਸਿੰਘ)- ਲੋਕਾਂ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਨ ਦੇ ਮਕਸਦ ਨਾਲ ਪਿੰਡ ਠੱਠਗੜ੍ਹ ਵਿਖੇ ਬਣਾਇਆ ਗਿਆ ਸਬ ਸੈਂਟਰ ਲੋਕਾਂ ਨੂੰ ਚੰਗੀ ਸਿਹਤ ਦੇਣ ਦੀ ਥਾਂ ਬਿਮਾਰੀਆਂ ਮਹੱਈਆ ਕਰਵਾ ਰਿਹਾ ਹੈ। ਸਬ ਸੈਂਟਰ ਦੀ ਖ਼ਸਤਾ ਹਾਲਤ ਇਮਾਰਤ ਅਤੇ ਇਸ ਦੇ ਕਮਰਿਆਂ ਵਿਚ ਭਰਿਆ ਬਦਬੂ ਮਾਰਦਾ ਪਾਣੀ ਸਰਕਾਰ ਦੇ ਵਿਕਾਸ ਕਾਰਜਾਂ ਦਾ ਮੂੰਹ ਚਿੜਾ ਰਿਹਾ ਹੈ। ਘਰਾਂ ਦੇ ਪਾਣੀ ਦਾ ਕੋਈ ਢੁਕਵਾਂ ਨਿਕਾਸ ਨਾ ਹੋਣ ਕਰਕੇ ਇੱਥੇ ਖੜ੍ਹੇ ਬਦਬੂ ਮਾਰਦੇ ਪਾਣੀ ਕਾਰਨ ਇਮਾਰਤ ਨੇ ਛੱਪੜ ਦਾ ਰੂਪ ਧਾਰਨ ਕੀਤਾ ਹੋਇਆ ਹੈ। ਜਿਸ ਕਰਕੇ ਇੱਥੇ ਤਾਇਨਾਤ ਸਟਾਫ਼ ਦੇ ਕਮਰਿਆਂ ਵਿਚ ਜਾਣਾ ਵੀ ਮੁਸ਼ਕਲ ਹੋਇਆ ਪਿਆ ਹੈ। ਇੱਥੇ ਤਾਇਨਾਤ ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਸਬ ਸੈਂਟਰ ਦੀ ਖ਼ਸਤਾ ਹਾਲਤ ਇਮਾਰਤ ਹੇਠਾਂ ਉਹ ਬੈਠਣ ਤੋਂ

**ਸਬ ਸੈਂਟਰ ਨੇ ਛੱਪੜ ਦਾ ਰੂਪ ਧਾਰਿਆ**

ਵੀ ਗੁਰੇਜ਼ ਕਰਦੇ ਹਨ। ਉਨ੍ਹਾਂ ਦੱਸਿਆ ਕਿ ਇਮਾਰਤ ਅੰਦਰ ਪਾਣੀ ਭਰਿਆ ਹੋਣ ਕਰਕੇ ਮਮਤਾ ਦਿਵਸ ਵਾਲੇ ਦਿਨ ਟੀਕੇ ਲਗਵਾਉਣ ਲਈ ਆਉਣ ਵਾਲੀਆਂ ਗਰਭਵਤੀ ਔਰਤਾਂ ਨੂੰ ਵੀ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਘਰੇਲੂ ਪਾਣੀ ਦੇ ਨਿਕਾਸ ਲਈ ਇਮਾਰਤ ਵਿਚ ਲੋਕਾਂ ਵਲੋਂ ਪੁੱਟੇ ਗਏ ਖਾਲੇ ਕਰਕੇ ਇੱਥੇ ਖੜ੍ਹੇ ਪਾਣੀ ਕਾਰਨ ਪੈਦਾ ਹੋ ਰਹੇ ਮੱਛਰ ਨਾਲ ਲੋਕ ਮਲੇਰੀਆ, ਟਾਈਫਾਇਡ, ਡੇਂਗੂ ਵਰਗੀਆਂ ਬਿਮਾਰੀਆਂ ਦੀ ਲਪੇਟ ਵਿਚ ਆ ਰਹੇ ਹਨ। ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਇਸ ਇਮਾਰਤ ਦੀ ਖ਼ਸਤਾ ਹਾਲਤ ਸੁਧਾਰਨ ਲਈ ਅਤੇ ਇੱਥੇ ਖੜ੍ਹੇ ਪਾਣੀ ਦੇ ਨਿਕਾਸ ਦਾ ਕੋਈ ਢੁਕਵਾਂ ਪ੍ਰਬੰਧ ਕਰਨ ਲਈ ਉੱਚ ਅਧਿਕਾਰੀਆਂ ਨੂੰ ਲਿਖਤੀ ਰੂਪ ਵਿਚ ਦਰਖਾਸਤਾਂ ਭੇਜੀਆਂ ਗਈਆਂ ਹਨ ਪਰ ਕੋਈ ਅਸਰ ਨਹੀਂ ਹੋਇਆ।

# ਵਿਧਾਨ ਸਭਾ ਚੋਣਾਂ 'ਚ ਔਰਤਾਂ ਅਹਿਮ ਰੋਲ ਨਿਭਾਉਂਦਿਆਂ ਸ਼੍ਰੋਮਣੀ ਅਕਾਲੀ ਦਲ ਨੂੰ ਸ਼ਕਤੀ ਦੇਣਗੀਆਂ-ਬੀਬਾ ਹਰਸਿਮਰਤ ਕੌਰ ਬਾਦਲ

ਖਾਲੜਾ, 3 ਜਨਵਰੀ (ਜੱਜਪਾਲ ਸਿੰਘ ਜੱਜ)—ਸ਼੍ਰੋਮਣੀ ਅਕਾਲੀ ਦਲ ਨੇ ਸਮੁੱਚੇ ਦੇਸ਼ ਅੰਦਰ ਪਹਿਲ ਕਰਦਿਆਂ ਜਿੱਥੇ ਕਿਸਾਨਾਂ ਦੇ ਟਿਊਬਵੈੱਲਾਂ ਦੇ ਬਿੱਲ ਮੁਆਫ਼ ਕੀਤੇ ਅਤੇ ਗ਼ਰੀਬ ਦੀ ਧੀ ਨੂੰ ਆਪਣੀ ਧੀ ਸਮਝਦਿਆਂ ਉਸ ਦੇ ਵਿਆਹ ਮੌਕੇ ਸ਼ਗਨ ਸਕੀਮ ਦੇਣ ਦੀ ਯੋਜਨਾ ਸ਼ੁਰੂ ਕੀਤੀ, ਉਥੇ ਪੰਜਾਬ ਅੰਦਰ ਕੋਈ ਵੀ ਗ਼ਰੀਬ ਪਰਿਵਾਰ ਭੁੱਖਾ ਨਾ ਸੌਂਵੇ, ਇਸ ਲਈ ਦੋ ਰੁਪਏ ਕਿੱਲੋ ਅਤੇ ਵੀਹ ਰੁਪਏ ਕਿਲੋ ਦਾਲ ਦੇਣ ਦੀ ਸ਼ੁਰੂਆਤ ਵੀ ਕੀਤੀ, ਪ੍ਰੰਤੂ ਸ਼੍ਰੋਮਣੀ ਅਕਾਲੀ ਦਲ ਤੋਂ ਬਾਅਦ ਸੱਤਾ ਵਿਚ ਆਈਆਂ ਪਾਰਟੀਆਂ, ਜਿਨ੍ਹਾਂ ਨੇ ਨਵੀਆਂ ਲੋਕ ਭਲਾਈ ਯੋਜਨਾਵਾਂ ਸ਼ੁਰੂ ਤਾਂ ਕੀ ਕਰਨੀਆਂ ਸਨ, ਸਗੋਂ ਸ਼੍ਰੋਮਣੀ ਅਕਾਲੀ ਦਲ ਵਲੋਂ ਸ਼ੁਰੂ ਕੀਤੀਆਂ ਯੋਜਨਾਵਾਂ ਵੀ ਬੰਦ ਕਰਨ ਦੀ ਕੋਸ਼ਿਸ਼ ਕੀਤੀ ਅਤੇ ਪਾਰਟੀਬਾਜ਼ੀ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਨਾਲ ਸੰਬੰਧਿਤ ਪਰਿਵਾਰਾਂ ਦੇ ਨੀਲੇ ਕਾਰਡ, ਬੁਢਾਪਾ ਪੈਨਸ਼ਨਾਂ ਆਦਿ ਕੱਟ ਕੇ ਯੋਜਨਾਵਾਂ ਵਿਚ ਭਾਰੀ ਵਿਤਕਰੇਬਾਜ਼ੀ ਕੀਤੀ । ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸੰਸਦ ਮੈਂਬਰ ਤੇ ਸਾਬਕਾ ਕੇਂਦਰੀ ਮੰਤਰੀ ਬੀਬਾ ਹਰਸਿਮਰਤ ਕੌਰ ਬਾਦਲ ਨੇ ਚੇਅਰਮੈਨ ਬਲਾਕ ਸੰਮਤੀ ਸੁਖਵੰਤ ਸਿੰਘ ਚੱਕ ਤੇ ਪ੍ਰਧਾਨ ਮੇਜਰ ਸਿੰਘ ਚੱਕ ਦੇ ਗ੍ਰਹਿ ਪਿੰਡ ਮੁਗਲਚੱਕ ਵਿਖੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਖ਼ਾਸ ਕਰ ਕੇ ਭੈਣਾਂ-ਮਾਤਾਵਾਂ ਨੂੰ ਇਨ੍ਹਾਂ ਵੋਟਾਂ ਵਿਚ ਅਹਿਮ ਰੋਲ ਨਿਭਾਉਣ ਦਾ ਸੱਦਾ ਦਿੰਦਿਆਂ ਕਿਹਾ ਕਿ ਪੱਛਮੀ ਬੰਗਾਲ ਦੀਆਂ ਚੋਣਾਂ ਵਿਚ ਮਮਤਾ ਬੈਨਰਜੀ ਨੇ ਸਿੱਧ ਕਰ ਦਿੱਤਾ ਹੈ ਕਿ ਜੇਕਰ ਸਾਡੀਆਂ ਭੈਣਾਂ-ਮਾਤਾਵਾਂ ਸਾਡੇ ਨਾਲ ਹਨ ਤਾਂ ਅੱਗੇ ਭਾਵੇਂ ਪ੍ਰਧਾਨ ਮੰਤਰੀ ਹੀ ਕਿਉਂ ਨਾ ਹੋਵੇ, ਉਸ ਨੂੰ ਵੀ ਹਾਰ ਦਾ ਸਾਹਮਣਾ ਕਰਨਾ ਪਵੇਗਾ। ਇਸ ਮੌਕੇ ਸਾਬਕਾ ਸੰਸਦੀ ਸਕੱਤਰ ਪ੍ਰੋ. ਵਿਰਸਾ ਸਿੰਘ ਵਲਟੋਹਾ, ਬੀਬਾ ਪਲਵਿੰਦਰ ਕੌਰ ਵਲਟੋਹਾ, ਪ੍ਰਧਾਨ ਮਾਝਾ ਜ਼ੋਨ (ਸੋਈ) ਗੌਰਵਦੀਪ ਸਿੰਘ ਵਲਟੋਹਾ, ਸੀਨੀਅਰ ਮੀਤ ਪ੍ਰਧਾਨ ਭਾਈ ਮਨਜੀਤ ਸਿੰਘ, ਚੇਅਰਮੈਨ ਸੁਖਵੰਤ ਸਿੰਘ ਚੱਕ, ਪ੍ਰਧਾਨ ਮੇਜਰ ਸਿੰਘ ਚੱਕ, ਜਨਰਲ ਸਕੱਤਰ ਯੂਥ ਅਕਾਲੀ ਦਲ ਗੁਰਦੀਪ ਸਿੰਘ ਚੱਕ, ਆੜ੍ਹਤੀ ਸੁਰਜੀਤ ਸਿੰਘ ਚੱਕ, ਆੜ੍ਹਤੀ ਗੁਰਪਾਲ ਸਿੰਘ ਚੱਕ, ਸੂਬਾਈ ਡੈਲੀਗੇਟ ਗੁਰਸੇਵਕ ਸਿੰਘ ਬੱਬੂ ਮਾੜੀਮੇਘਾ, ਸਾਬਕਾ ਸਰਪੰਚ ਮੇਜਰ ਸਿੰਘ ਖਾਲੜਾ, ਜ਼ੋਨ ਇੰਚਾਰਜ ਸਾਹਿਬ ਸਿੰਘ ਅਮੀਸ਼ਾਹ, ਅਮਰਜੀਤ ਸਿੰਘ ਪਹੂਵਿੰਡ, ਹੀਰਾ ਸਿੰਘ ਦੋਦੇ, ਹਰਚਰਨ ਸਿੰਘ ਸਿਧਵਾਂ, ਰਣਜੀਤ ਸਿੰਘ ਨਾਰਲੀ, ਜਰਨੈਲ ਸਿੰਘ ਨਾਰਲਾ, ਹਰਜੀਤ ਸਿੰਘ ਬਲੇਰ , ਸਾਬਕਾ ਚੇਅਰਮੈਨ ਸੁੱਖ ਵਾੜਾ ਤੇਲੀਆਂ, ਮਹਾਂਵੀਰ ਸਿੰਘ ਡਲੀਰੀ, ਸਿਮਰਨਜੀਤ ਸਿੰਘ ਪਹੂਵਿੰਡ, ਜਸਵੰਤ ਸਿੰਘ ਚੱਕ ਆਦਿ ਅਕਾਲੀ ਆਗੂ ਹਾਜ਼ਰ ਸਨ।



ਪਿੰਡ ਮੁਗਲਚੱਕ ਵਿਖੇ 'ਅਜੀਤ' ਨਾਲ ਗੱਲਬਾਤ ਕਰਦੇ ਹੋਏ ਬੀਬਾ ਹਰਸਿਮਰਤ ਕੌਰ ਬਾਦਲ, ਨਾਲ ਖੜ੍ਹੇ ਹਨ ਚੇਅਰਮੈਨ ਸੁਖਵੰਤ ਸਿੰਘ ਚੱਕ ਤੇ ਪ੍ਰਧਾਨ ਮੇਜਰ ਸਿੰਘ ਚੱਕ। ਤਸਵੀਰ: ਜੱਜ



ਗੱਲਬਾਤ ਕਰਦੇ ਹੋਏ ਜੱਟ ਮਹਾਂ ਸਭਾ ਦੇ ਪ੍ਰਧਾਨ ਮੇਹਰ ਸਿੰਘ ਚੁਤਾਲਾ ਅਤੇ ਉਨ੍ਹਾਂ ਨਾਲ ਹੋਰ ਆਗੂ। ਅਜੀਤ ਤਸਵੀਰ

# ਕੇਂਦਰ ਸਰਕਾਰ ਦਾ ਪੰਜਾਬੀ ਭਾਸ਼ਾ ਪ੍ਰਤੀ ਰਵੱਈਆ ਨਿੰਦਣਯੋਗ-ਚੁਤਾਲਾ

ਤਰਨ ਤਾਰਨ, 3 ਜਨਵਰੀ (ਹਰਿੰਦਰ ਸਿੰਘ)- ਪੰਜਾਬ ਦੇ ਸੈਨਿਕ ਸਕੂਲਾਂ ਵਿਚੋਂ ਪੰਜਾਬੀ ਭਾਸ਼ਾ ਨੂੰ ਬੰਦ ਕਰਕੇ ਕੇਂਦਰ ਸਰਕਾਰ ਨੇ ਪੰਜਾਬੀਆਂ ਦੇ ਦਿਲਾਂ ਨੂੰ ਠੇਸ ਪਹੁੰਚਾਈ ਹੈ। ਗੁਰੂਆਂ, ਪੀਰਾਂ, ਬਾਬਾ ਫਰੀਦ ਜੀ ਦੀ ਬਾਣੀ ਸ਼ੁੱਧ ਪੰਜਾਬੀ ਬੋਲੀ ਦਾ ਤ੍ਰਿਸਕਾਰ ਕਰਕੇ ਕੇਂਦਰ ਸਰਕਾਰ ਦਾ ਪੰਜਾਬ ਪ੍ਰਤੀ ਵਤੀਰਾ ਸਾਹਮਣੇ ਆ ਗਿਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਜੱਟ ਮਹਾਂ ਸਭਾ ਦੇ ਜ਼ਿਲ੍ਹਾ ਪ੍ਰਧਾਨ ਮੇਹਰ ਸਿੰਘ ਚੁਤਾਲਾ ਨੇ ਗੱਲਬਾਤ ਦੌਰਾਨ ਕੀਤਾ। ਚੁਤਾਲਾ ਨੇ ਪੰਜਾਬ ਦੇ ਸਾਰੇ ਐੱਮ.ਪੀਜ. ਨੂੰ ਅਪੀਲ ਕੀਤੀ ਕਿ ਇਸ ਧੱਕੇ ਨੂੰ ਕੇਂਦਰ ਸਰਕਾਰ ਕੋਲ ਉਸੇ ਤਰ੍ਹਾਂ ਹੀ ਉਠਾਉਣ ਜਿਸ ਤਰ੍ਹਾਂ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ ਨੇ ਕੇਂਦਰ ਸਰਕਾਰ ਨੂੰ ਚਿੱਠੀ ਲਿਖ ਕੇ ਪ੍ਰਭਾਵਸ਼ਾਲੀ ਤਰੀਕੇ ਨਾਲ ਪੰਜਾਬੀ ਨਾਲ ਹੋਏ ਧੱਕੇ ਨੂੰ ਉਜਾਗਰ ਕੀਤਾ ਹੈ। ਇਸ ਮੌਕੇ ਉਨ੍ਹਾਂ ਨਾਲ ਜੱਟ ਮਹਾਂ ਸਭਾ ਦੇ ਲੀਗਲ ਐਡਵਾਈਜ਼ਰ ਗੁਰਿੰਦਰਜੀਤ ਸਿੰਘ ਸੰਧੂ, ਸਾਬਕਾ ਚੇਅਰਮੈਨ ਗੁਰਦੀਪ ਸਿੰਘ, ਸੇਵਾਮੁਕਤ ਡੀ.ਡੀ.ਪੀ.ਓ. ਰਜਿੰਦਰ ਸਿੰਘ, ਤੇਜਪਾਲ ਸਿੰਘ ਲਾਲੀ ਪੰਡੋਰੀ ਗੋਲਾ, ਚੌਧਰੀ ਵਿਜੇਪਾਲ, ਸਾਬਕਾ ਸਰਪੰਚ ਸੁਖਦੇਵ ਸਿੰਘ, ਡਾ. ਬਲਜੀਤ ਸਿੰਘ, ਪ੍ਰਿਤਪਾਲ ਸਿੰਘ, ਬਲਦੇਵ ਸਿੰਘ, ਗੁਰਦੇਵ ਸਿੰਘ, ਸਾਹਿਬ ਸਿੰਘ, ਰੋਸ਼ਨ ਸਿੰਘ ਸਾਰੇ ਪੰਚਾਇਤ ਮੈਂਬਰ, ਸਰਪੰਚ ਮੇਜਰ ਸਿੰਘ ਮੰਮਣਕੇ, ਸਰਪੰਚ ਸਵਰਨ ਸਿੰਘ ਧੂੰਦਾ, ਚੇਅਰਪਰਸਨ ਹਰਸ਼ਰਨ ਕੌਰ ਦੀਨਪੁਰ, ਬਲਜਿੰਦਰ ਕੌਰ ਚੰਬਾ, ਰਸ਼ਪਾਲ ਸਿੰਘ ਮੱਲੀ, ਮਹਿੰਦਰ ਸਿੰਘ ਪੰਨੂੰ ਆਦਿ ਮੌਜੂਦ ਸਨ।



ਵਲਟੋਹਾ ਵਿਖੇ ਹੋਈ ਰੈਲੀ ਵਿਚ ਪਿੰਡ ਵਲਟੋਹਾ ਦੀਆਂ ਵੱਖ-ਵੱਖ ਪੰਚਾਇਤਾਂ ਦੇ ਆਏ ਆਗੂਆਂ ਨੂੰ ਸਨਮਾਨਿਤ ਕਰਨ ਸਮੇਂ। ਤਸਵੀਰ: ਭੱਟੀ

# ਵਿਧਾਇਕ ਭੁੱਲਰ ਵਲੋਂ ਵਲਟੋਹਾ ਵਿਖੇ ਪਹੁੰਚਣ ਵਾਲੇ ਵਰਕਰਾਂ ਤੇ ਪੰਚਾਇਤਾਂ ਦਾ ਧੰਨਵਾਦ

ਅਮਰਕੋਟ, 3 ਜਨਵਰੀ (ਗੁਰਚਰਨ ਸਿੰਘ ਭੱਟੀ)- ਵਿਧਾਨ ਸਭਾ ਹਲਕਾ ਖੇਮਕਰਨ ਦੀ ਜਵਾਨੀ ਅਕਾਲੀ ਭਾਜਪਾ ਸਰਕਾਰ ਵੇਲੇ ਨਸ਼ਿਆਂ 'ਚ ਗਲਤਾਨ ਹੋ ਕੇ ਰਹਿ ਗਈ ਸੀ ਪਰ ਕਾਂਗਰਸ ਸਰਕਾਰ ਬਨਣ 'ਤੇ ਕਿਸੀ ਵੀ ਨਸ਼ਾ ਵੇਚਣ ਵਾਲੇ ਵਿਅਕਤੀ ਦੀ ਸਿਫਾਰਸ਼ ਨਹੀਂ ਕੀਤੀ, ਜਿਸ ਕਰਕੇ ਹਲਕੇ ਅੰਦਰ ਨਸ਼ੇ ਨੂੰ ਠੱਲ੍ਹ ਪਈ ਹੈ। ਇਸ ਕਰਕੇ ਪਿੰਡ ਵਲਟੋਹਾ ਅੰਦਰ ਖੇਲੋ ਭਾਰਤ ਸਕੀਮ ਤਹਿਤ ਇੰਟਰਨੈਸ਼ਨਲ ਪੱਧਰ ਦਾ ਖੇਡ ਸਟੇਡੀਅਮ ਬਣ ਰਿਹਾ ਹੈ ਤੇ ਬੱਚਿਆਂ ਦੀ ਮਿਆਰੀ ਪੜ੍ਹਾਈ ਲਈ ਡਿਗਰੀ ਕਾਲਜ ਬਣ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਸੁੱਖਪਾਲ ਸਿੰਘ ਭੁੱਲਰ ਵਲੋਂ ਪਿੰਡ ਵਲਟੋਹਾ ਵਿਖੇ ਡਿਗਰੀ ਕਾਲਜ ਦੇ ਨੀਂਹ ਪੱਥਰ ਰੱਖਣ ਮੌਕੇ ਆਏ ਪੰਚਾਂ, ਸਰਪੰਚਾਂ ਤੇ ਕਾਂਗਰਸੀ ਵਰਕਰਾਂ ਦਾ ਧੰਨਵਾਦ ਕਰਦਿਆਂ ਗੱਲਬਾਤ ਕਰਦਿਆਂ ਕੀਤਾ। ਵਿਧਾਇਕ ਭੁੱਲਰ ਨੇ ਕਿਹਾ ਕਿ ਉਨ੍ਹਾਂ ਦੇ ਸੱਦੇ 'ਤੇ ਵਲਟੋਹਾ ਵਿਖੇ ਪਹੁੰਚੇ ਵਰਕਰਾਂ ਦੇ ਉਹ ਅਹਿਸਾਨਮੰਦ ਹਨ। ਉਨ੍ਹਾਂ ਕਿਹਾ ਕਿ ਇਸ ਵਾਰ ਮਾਰਚ-ਅਪ੍ਰੈਲ ਵਿਚ ਕਾਲਜ ਦੀਆਂ ਕਲਾਸਾਂ ਵਲਟੋਹਾ ਵਿਖੇ ਸ਼ੁਰੂ ਹੋ ਜਾਣਗੀਆਂ। ਇਸ ਮੌਕੇ ਉਨ੍ਹਾਂ ਨਾਲ ਚੇਅਰਮੈਨ ਅੰਮ੍ਰਿਤਬੀਰ ਸਿੰਘ ਬਿੱਟੂ ਆਸਲ, ਸਰਪੰਚ ਦਵਿੰਦਰ ਸਿੰਘ ਸੰਧੂ ਵਲਟੋਹਾ, ਸਰਪੰਚ ਨਿਰਮਲ ਸਿੰਘ ਦਿਓਲ, ਸਰਪੰਚ ਬਲਬੀਰ ਸਿੰਘ, ਸਰਪੰਚ ਮੁਕੰਮਲਬੀਰ ਸਿੰਘ ਮਲਕਾ, ਜੱਜਬੀਰ ਸਿੰਘ ਵਲਟੋਹਾ ਆਦਿ ਪਿੰਡ ਵਲਟੋਹਾ ਦੀਆਂ ਪੰਚ ਪੰਚਾਇਤਾਂ ਵਲੋਂ ਵਿਧਾਇਕ ਸੁੱਖਪਾਲ ਸਿੰਘ ਭੁੱਲਰ ਅਤੇ ਸਿੱਖਿਆ ਮੰਤਰੀ ਪ੍ਰਗਟ ਸਿੰਘ ਦਾ ਵਲਟੋਹਾ ਵਿਖੇ ਕਾਲਜ ਬਣਾਉਣ ਨੂੰ ਲੈ ਕੇ ਧੰਨਵਾਦ ਕੀਤਾ।

# ਵਿਸ਼ਵ ਖਪਤਕਾਰ ਫੋਰਮ ਨੇ ਵਿਸ਼ਵ ਖਪਤਕਾਰ ਦਿਵਸ ਮਨਾਇਆ

ਤਰਨ ਤਾਰਨ, 3 ਜਨਵਰੀ (ਪਰਮਜੀਤ ਜੋਸ਼ੀ)-ਜ਼ਿਲ੍ਹਾ ਖਪਤਕਾਰ ਫੋਰਮ ਦੇ ਪ੍ਰਧਾਨ ਅਤੇ ਸਾਬਕਾ ਕੌਂਸਲਰ ਡਾ. ਸੁਖਦੇਵ ਸਿੰਘ ਲੌਹੁਕਾ ਨੇ ਦੱਸਿਆ ਕਿ ਜ਼ਿਲ੍ਹਾ ਖਪਤਕਾਰ ਫੋਰਮ ਵਲੋਂ ਐੱਸ.ਡੀ.ਹਾਈ ਸਕੂਲ ਤਰਨ ਤਾਰਨ ਵਿਖੇ ਵਿਸ਼ਵ ਖਪਤਕਾਰ ਦਿਵਸ ਮਨਾਇਆ ਗਿਆ। ਇਸ ਮੌਕੇ ਉਨ੍ਹਾਂ ਖਪਤਕਾਰਾਂ ਨੂੰ ਸੁਚੇਤ ਕਰਦੇ ਹੋਏ ਕਿਹਾ ਕਿ ਬਾਜ਼ਾਰ ਵਿਚੋਂ ਕੋਈ ਵੀ ਚੀਜ ਖਰੀਦ ਕਰਨ ਲੱਗਿਆ ਉਸ ਚੀਜ ਦਾ ਬਿੱਲ ਜਰੂਰ ਲਿਆ ਜਾਵੇ ਤਾਂ ਕਿ ਚੀਜ ਖਰਾਬ ਹੋਣ 'ਤੇ ਉਸ ਦਾ ਵਟਾਂਦਰਾ ਕੀਤਾ ਜਾਵੇ। ਇਸ ਮੌਕੇ ਅਤਵਾਰ ਸਿੰਘ ਫੱਟਿਆਂ ਵਾਲੇ ਜਨਰਲ ਸਕੱਤਰ ਨੇ ਸਰਕਾਰ ਵਲੋਂ ਖਪਤਕਾਰ ਅਦਾਲਤਾਂ ਦੀਆਂ ਤਾਕਤਾਂ ਵਧਾਉਣ ਅਤੇ ਖਪਤਕਾਰ ਦੇ ਹੱਕ ਵਿਚ ਜਲਦੀ ਤੋਂ ਜਲਦੀ ਫੈਸਲਾ ਕਰਨ ਦੇ ਅਧਿਕਾਰਾਂ ਬਾਰੇ ਦੱਸਿਆ। ਯਸ਼ਪਾਲ ਸ਼ਰਮਾ ਸੀਨੀਅਰ ਵਾਈਸ ਪ੍ਰਧਾਨ ਨੇ ਫੋਰਮ ਦੀਆਂ ਗਤੀਵਿਧੀਆ ਬਾਰੇ ਚਾਨਣਾ ਪਾਉਂਦਿਆਂ ਹੋਏ ਕਿਹਾ ਕਿ ਸਾਡੇ ਕੋਲ ਨਿੱਕੇ ਮੋਟੇ ਬਹੁਤ ਕੇਸ ਆਉਂਦੇ ਹਨ ਅਤੇ ਲਗਪਗ ਬਹੁਤੇ ਕੇਸ ਅਸੀਂ ਆਪਸ ਵਿਚ ਬਿਠਾ ਕੇ ਰਾਜੀਨਾਮਾ ਕਰਵਾ ਦਿੰਦੇ ਹਾਂ। ਇਸ ਮੌਕੇ ਅਨਿਲ ਕੁਮਾਰ ਸ਼ੰਭੂ, ਬਸੰਤ ਲਾਲ ਟਰਾਂਸਪੋਰਟਰ, ਗੁਰਸਾਹਿਬ ਸਿੰਘ ਗਿੱਲ, ਤਰਸੇਮ ਕੁਮਾਰ ਸ਼ਰਮਾ, ਮਨਜੀਤ ਸਿੰਘ ਨੰਬਰਦਾਰ, ਐਡਵੋਕੇਟ ਅਮਨ ਸੂਦ, ਰਣਜੀਤ ਸਿੰਘ ਆਦਿ ਮੌਜੂਦ ਸਨ।




# ਗੁ. ਡੇਹਰਾ ਸਾਹਿਬ ਲੁਹਾਰ ਵਿਖੇ ਮਾਘੀ ਮੇਲੇ ਦੇ ਸਮਾਗਮ 14 ਤੋਂ 16 ਨੂੰ

ਫਤਿਆਬਾਦ, 3 ਜਨਵਰੀ (ਹਰਵਿੰਦਰ ਸਿੰਘ ਧੂੰਦਾ)- ਗੁਰੂ ਨਾਨਕ ਦੇਵ ਜੀ ਦੇ ਪਿਤਾ ਪੁਰਖੀ ਨਗਰ ਗੁ. ਡੇਹਰਾ ਸਾਹਿਬ ਲੁਹਾਰਵਿਖੇ ਹਰ ਸਾਲ ਦੀ ਤਰ੍ਹਾਂ ਮਾਘੀ ਮੇਲੇ ਦੇ ਸੰਬੰਧ ਵਿਚ ਤਿੰਨ ਦਿਨਾਂ ਧਾਰਮਿਕ ਸਮਾਗਮ 14 ਤੋਂ 16 ਜਨਵਰੀ ਨੂੰ ਬਾਬਾ ਲੱਖਾ ਸਿੰਘ ਕੋਟੇ ਵਾਲਿਆਂ ਦੀ ਰਹਿਨਮਾਈ ਹੇਠ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਏ ਜਾ ਰਹੇ ਹਨ। ਇਸ ਬਾਰੇ ਜਾਣਕਾਰੀ ਦਿੰਦਿਆਂ ਬਾਬਾ ਕੁਲਵਿੰਦਰ ਸਿੰਘ ਕੋਟੇ ਵਾਲਿਆਂ ਨੇ ਦੱਸਿਆ ਕਿ ਇਸ ਸੰਬੰਧ ਵਿਚ 12 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਅਰੰਭ ਹੋਣਗੇ ਜਿਨ੍ਹਾਂ ਦੇ 14 ਜਨਵਰੀ ਨੂੰ ਭੋਗ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਜੋ ਲਗਾਤਾਰ ਤਿੰਨ ਦਿਨ ਜਾਰੀ ਰਹਿਣਗੇ। ਜਿਸ ਦੌਰਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਬਾਬਾ ਬਿੱਧੀ ਚੰਦ ਸਪ੍ਰੰਦਾਇ ਦੇ ਮੌਜੂਦਾ ਮੁਖੀ ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲਿਆਂ ਤੋਂ ਇਲਾਵਾ ਨਿਹੰਗ ਸਿੰਘ ਜਥੇਬੰਦੀਆਂ ਦੇ ਆਗੂ, ਰਾਜਨੀਤਕ ਅਤੇ ਧਾਰਮਿਕ ਸ਼ਖ਼ਸੀਅਤਾਂ ਹਾਜ਼ਰੀ ਭਰਨਗੀਆਂ। ਜਿਸ ਦੌਰਾਨ ਗੁ.ਡੇਹਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਅਤੇ ਬਾਬਾ ਮਹਿਤਾ ਕਾਲੂ ਜੀ ਸੇਵਾ ਸੁਸਾਇਟੀ ਦੇ ਮੈਂਬਰਾਂ ਵਲੋਂ ਭਰਵਾਂ ਸਹਿਯੋਗ ਦਿੱਤਾ ਜਾਵੇਗਾ। ਇਸ ਮੌਕੇ ਤਿੰਨ ਦਿਨਾਂ ਧਾਰਮਿਕ ਸਮਾਗਮ ਦੌਰਾਨ ਪੰਥ ਪ੍ਰਸਿੱਧ ਰਾਗੀ, ਢਾਡੀ ਕਵੀਸ਼ਰ ਅਤੇ ਕਥਾਵਾਚਕ ਸੰਗਤਾਂ ਨੂੰ ਗੁਰੂ ਘਰ ਨਾਲ ਜੋੜਨਗੇ।




ਹੜਤਾਲ ਦੌਰਾਨ ਨਾਅਰੇਬਾਜ਼ੀ ਕਰਦੇ ਹੋਏ ਮੈਡੀਕਲ ਲੈਬਾਰਟਰੀ ਟੈਕਨੀਸ਼ੀਅਨ। ਤਸਵੀਰ: ਮਨਜੀਤ ਸਿੰਘ

# ਮੈਡੀਕਲ ਲੈਬਾਰਟਰੀ ਟੈਕਨੀਸ਼ੀਅਨਾਂ ਦੀ ਹੜਤਾਲ ਜਾਰੀ

ਤਰਨ ਤਾਰਨ, 3 ਜਨਵਰੀ (ਹਰਿੰਦਰ ਸਿੰਘ)- ਮੈਡੀਕਲ ਲੈਬਾਰਟਰੀ ਟੈਕਨੀਸ਼ਨਾਂ ਦੀ ਹੜਤਾਲ ਗਿਆਰਵੇਂ ਦਿਨ ਵਿਚ ਸ਼ਾਮਿਲ ਹੋ ਗਈ ਹੈ ਪਰ ਸਰਕਾਰ ਅਜੇ ਵੀ ਟਾਲ ਮਟੋਲ ਵਾਲੀ ਨੀਤੀ ਅਪਣਾ ਰਹੀ ਹੈ। ਮੈਡੀਕਲ ਲੈਬ ਸੇਵਾਵਾਂ ਬੰਦ ਹੋਣ ਕਰਕੇ ਮਰੀਜ਼ਾਂ ਦੀ ਖੱਜਲ ਖੁਆਰੀ ਦੇ ਨਾਲ ਪ੍ਰਾਈਵੇਟ ਲੈਬਾਰਟਰੀਆਂ ਵਿਚ ਲੁੱਟ ਹੋ ਰਹੀ ਹੈ ਪਰ ਸਰਕਾਰ ਕੁੰਭਕਰਨੀ ਨੀਂਦ ਸੁੱਤੀ ਪਈ ਹੈ। ਪਰਮਜੀਤ ਸਿੰਘ ਸੋਖੀ ਜ਼ਿਲ੍ਹਾ ਜਨਰਲ ਸਕੱਤਰ ਨੇ ਦੱਸਿਆ ਕਿ 4 ਜਨਵਰੀ ਨੂੰ ਸਰਕਾਰ ਦੇ ਪੁਤਲੇ ਫੂਕੇ ਕੇ ਪ੍ਰਦਰਸ਼ਨ ਕੀਤਾ ਜਾਵੇਗਾ ਅਤੇ 5 ਜਨਵਰੀ ਨੂੰ ਸਾਰੇ ਪੰਜਾਬ ਦੇ ਲੈਬ ਟੈਕਨੀਸ਼ਨ ਖਰੜ ਵਿਖੇ ਰੋਸ ਮੁਜਾਹਰਾ ਕਰਨਗੇ। ਇਸ ਮੌਕੇ ਅਵਤਾਰ ਸਿੰਘ, ਰਜਵੰਤ ਸਿੰਘ ਬਾਗੜੀਆਂ, ਨਿਰਵੈਲ ਸਿੰਘ ਸੰਧੂ, ਧਰਮਿੰਦਰ ਸਿੰਘ, ਕੰਵਲਜੀਤ ਕੌਰ, ਗੁਰਬਚਨ ਸਿੰਘ, ਕੇਵਲ ਸਿੰਘ, ਰਿੰਕੂ ਸੇਠੀ, ਸੁਖਵਿੰਦਰ ਕੌਰ, ਹਰਵਿੰਦਰ ਕੌਰ, ਅਮਨਦੀਪ ਕੌਰ, ਗੁਰਬਿੰਦਰ ਸਿੰਘ, ਅੰਗਰੇਜ ਸਿੰਘ ਵੀ ਮੌਜੂਦ ਸਨ।



'ਆਪ' ਦੇ ਉਮੀਦਵਾਰ ਸਰਵਨ ਸਿੰਘ ਧੁੰਨ ਪਿੰਡ ਭੂਰਾ ਕੋਹਨਾ 'ਚ ਪਾਰਟੀ ਵਿਚ ਸ਼ਾਮਿਲ ਹੋਣ ਵਾਲੇ ਮਨਦੀਪ ਸਿੰਘ ਤੇ ਸਾਥੀ ਪਰਿਵਾਰਾਂ ਨੂੰ ਸਨਮਾਨਿਤ ਕਰਦੇ ਹੋਏ। ਤਸਵੀਰ: ਬਿੱਲਾ

# 'ਆਪ' ਉਮੀਦਵਾਰ ਧੁੰਨ ਨੂੰ ਪਿੰਡ ਭੂਰਾ ਕੋਹਨਾ 'ਚ ਭਰਵਾਂ ਹੰਗਾਰਾ, ਮਨਦੀਪ ਸਿੰਘ ਗਿੱਲ ਤੋਂ ਇਲਾਵਾ 35 ਪਰਿਵਾਰ 'ਆਪ' 'ਚ ਸ਼ਾਮਿਲ

ਖੇਮਕਰਨ, 3 ਜਨਵਰੀ (ਰਾਕੇਸ਼ ਬਿੱਲਾ)—ਆਮ ਆਦਮੀ ਪਾਰਟੀ ਹਲਕਾ ਖੇਮਕਰਨ ਤੋਂ ਉਮੀਦਵਾਰ ਸਰਵਨ ਸਿੰਘ ਧੁੰਨ ਨੇ ਹਲਕੇ ਦੇ ਪਿੰਡ ਭੂਰਾ ਕੋਹਨਾ ਦਾ ਦੌਰਾ ਕੀਤਾ, ਜਿਥੇ ਉਨ੍ਹਾਂ ਨੂੰ ਭਰਵਾਂ ਹੰਗਾਰਾ ਮਿਲਿਆ, ਜਦੋਂ ਪਿੰਡ ਦੇ ਨੌਜਵਾਨ ਮਨਦੀਪ ਸਿੰਘ ਪੰਪ ਵਾਲੇ ਸਾਥੀਆਂ ਸਮੇਤ 'ਆਪ' 'ਚ ਸ਼ਾਮਿਲ ਹੋ ਗਏ। ਇਸ ਸੰਬੰਧੀ ਅੱਜ ਪਿੰਡ 'ਚ ਇਕ ਭਾਰੀ ਇਕੱਤਰਤਾ ਹੋਈ, ਜਿਸ ਨੂੰ ਸੰਬੋਧਨ ਕਰਦਿਆਂ ਸਰਵਨ ਸਿੰਘ ਧੁੰਨ ਨੇ ਦਾਅਵਾ ਕੀਤਾ ਕਿ ਪੰਜਾਬ ਦੀ ਜਨਤਾ ਅਕਾਲੀ ਤੇ ਕਾਂਗਰਸ ਦੀ ਕਾਰਗੁਜ਼ਾਰੀ ਤੋਂ ਅੱਕ ਚੁੱਕੇ ਹਨ। ਇਸ ਲਈ ਇਨ੍ਹਾਂ ਚੋਣਾਂ ਵਿਚ ਪੰਜਾਬ ਵਾਸੀਆਂ 'ਆਪ' ਨੂੰ ਜਿਤਾਉਣ ਦਾ ਫ਼ੈਸਲਾ ਕਰ ਲਿਆ ਹੈ। 'ਆਪ' ਦੇ ਹੱਕ ਵਿਚ ਹਨੇਰੀ ਆਉਣ ਵਾਲੀ ਹੈ। ਇਸ ਮੌਕੇ ਮਨਦੀਪ ਸਿੰਘ ਪੰਪ ਵਾਲਿਆਂ ਤੋਂ ਇਲਾਵਾ ਹਰਜਿੰਦਰ ਸਿੰਘ ਗਿੱਲ, ਸੂਬੇਦਾਰ ਗੁਰਚਰਨ ਸਿੰਘ ਭੂਰੇ, ਗੁਰਸੇਵਕ ਸਿੰਘ ਸੂਬੇਦਾਰ, ਸੁਖਬਾਜ ਸਿੰਘ, ਗੁਰਪਿਆਰ ਸਿੰਘ, ਅਵਤਾਰ ਸਿੰਘ ਗਿੱਲ, ਬ੍ਰਹਮਪਾਲ ਸਿੰਘ, ਕੰਵਲਜੀਤ ਸਿੰਘ, ਬਿੱਕਰ ਸਿੰਘ ਮੈਂਬਰ, ਸਰਦੂਲ ਸਿੰਘ, ਬਲਜਿੰਦਰ ਸਿੰਘ ਸੇਠ, ਹਰਪਾਲ ਸਿੰਘ, ਪ੍ਰਗਟ ਸਿੰਘ, ਕੁਲਦੀਪ ਸਿੰਘ ਮੋਰ, ਬਲਵਿੰਦਰ ਸਿੰਘ, ਮੇਜਰ ਸਿੰਘ, ਭਲਵਾਨ ਕਲਸ, ਬੋਹੜ ਸਿੰਘ ਕਲਸ, ਰੂਪ ਪੱਤੂ, ਸੋਨੂੰ ਭਲਵਾਨ, ਲਾਡੀ ਗਿੱਲ, ਬਲਵੰਤ ਸਿੰਘ ਪੱਟੀ ਵਾਲੇ, ਪਾਖਰ ਸਿੰਘ ਫ਼ੌਜੀ, ਸਤਨਾਮ ਸਿੰਘ ਫ਼ੌਜੀ, ਬਿੱਕਰ ਸਿੰਘ ਸਾਬਕਾ ਮੈਂਬਰ, ਬਲਦੇਵ ਸਿੰਘ, ਯੋਧਵੀਰ ਸਿੰਘ, ਗੁਰਨਾਮ ਸਿੰਘ, ਗੁਰਸ਼ੇਰ ਸਿੰਘ ਆਦਿ ਨੇ ਅਕਾਲੀ ਦਲ ਤੇ ਕਾਂਗਰਸ ਨੂੰ ਛੱਡ ਕੇ 'ਆਪ' 'ਚ ਸ਼ਾਮਿਲ ਹੋਣ ਦਾ ਐਲਾਨ ਕੀਤਾ। ਇਨ੍ਹਾਂ ਪਰਿਵਾਰਾਂ ਦੀ ਸ਼ਮੂਲੀਅਤ ਦਾ ਸਵਾਗਤ ਕਰਦਿਆਂ ਧੁੰਨ ਨੇ ਸਨਮਾਨਿਤ ਕੀਤਾ। ਇਸ ਮੌਕੇ ਸਾਬਕਾ ਸਰਪੰਚ ਮੇਹਰ ਸਿੰਘ, ਭਗਵੰਤ ਸਿੰਘ ਸਾਬਕਾ ਚੇਅਰਮੈਨ, ਹਰਵਿੰਦਰ ਸਿੰਘ ਬੁਰਜ, ਬਿਕਰਮਜੀਤ ਸਿੰਘ, ਅਵਤਾਰ ਸਿੰਘ ਭੂਰਾ, ਰਾਜ ਸਿੰਘ ਭੂਰਾ ਕਰੀਮਪੁਰਾ, ਝਿਰਮਲ ਸਿੰਘ ਦੋਧੀ, ਜੱਸਾ ਸਿੰਘ ਮਸਤਗੜ੍ਹ, ਕਾਲੂ ਮਾਛੀਕੇ ਆਦਿ ਆਗੂ ਹਾਜ਼ਰ ਸਨ।

